**Journal of Advances and Scholarly Researches in Allied Education**
**Vol. 16, Issue No. 5, April-2019, ISSN 2230-7540**

# Bharat Muni: Theoretical Vision

**Maninder Singh[1]* Dr. Sarabjit Singh[2]**

[1] Research Scholar, I.K.G. Punjab Technical University, Kapurthla

[2] Assistant Professor, I.K.G. Punjab Technical University, Kapurthla

***ਐਬਸਟਰੈਕਟ: ਭਰਤ ਮੁਨੀ ਦੁਆਰਾ ਰਚੇ ਨਾਟਯ ਸ਼ਾਸਤਰ ਉੱਤੇ ਆਧਾਰਿਤ 'ਨਾਟ' ਆਰਿਆ ਅਤੇ ਅਨਾਰਿਆ ਸਭਿਅਤਾ ਦੇ ਆਪਸੀ ਸੰਵਾਦ ਵਿੱਚੋਂ ਨਿਕਲਿਆ ਗਿਆਨ ਯੁਕਤ, ਸੌਂਦਰਯਾਤਮਕ, ਮਨੋਰੰਜਨ ਦਾ ਸਾਧਨ ਹੈ, ਜਿਸ ਨੂੰ ਦੇਖਿਆ ਅਤੇ ਸੁਨਿਆ ਜਾ ਸਕਦਾ ਹੈ। ਨਾਟ ਗਿਆਨ ਅਤੇ ਸ਼ਿਲਪ ਦਾ ਸੁਮੇਲ ਹੈ, ਭਰਤ ਮੁਨੀ ਖੁਦ ਆਰਿਆਈ ਬ੍ਰਾਹਮਨੀਕਲ ਨੈਤਿਕਤਾ ਦਾ ਸਮਰਥਕ ਹੈ, ਉਸ ਦਾ ਗਿਆਨਸ਼ਾਸਤਰ ਵੇਦਾਂ ਉਪਰ ਆਧਾਰਿਤ ਹੈ, ਜਿਸ ਦਾ ਉਤਪਾਦਕ ਬ੍ਰਹਮਾਂ ਨੂੰ ਦਿਖਾਇਆ ਗਿਆ ਹੈ। ਨਾਟਯ ਸ਼ਾਸਤਰ ਦੇ ਸ਼ਿਲਪ ਪੱਖ ਦਾ ਪ੍ਰਵਰਤਕ ਅਨਾਰਿਆ ਦੇਵਤਾ ਸ਼ਿਵ ਹੈ। ਸ਼ਿਵ ਨੂੰ ਸੰਪੂਰਣ ਭਾਰਤੀ ਕਲਾਵਾਂ ਦਾ ਸਿਰਜਕ ਅਤੇ ਸੌਂਦਰਯ ਦਾ ਆਧਾਰ ਮੰਨਿਆ ਗਿਆ ਹੈ। ਨਾਟਯਅਵਤਾਰ ਪਰਕਰਣ ਵਿੱਚ ਭਰਤ ਨਟਾਂ ਨੂੰ ਰਿਸ਼ੀਆਂ ਦੁਆਰਾ ਆਪਣੇ ਸ਼੍ਰਾਪਿਤ ਬ੍ਰਾਹਮਣ ਪੁੱਤਰ ਕਹਿੰਦਾ ਹੈ, ਜੋ ਦੰਡ ਵਜੋਂ ਸ਼ੂਦਰ ਜੀਵਨ ਜੀ ਰਹੇ ਹਨ।***

-----------------------------------X-----------------------------------

ਭਰਤ ਮੁਨੀ ਵਰਗੇ ਪ੍ਰਚੀਨ ਭਾਰਤੀ ਚਿੰਤਕ ਦੇ ਸਿੱਧਾਂਤਾਂ ਦਾ ਅਧਿਐਨ ਕਰਨ ਵੇਲੇ ਉਹਨਾ ਦੇ ਤੱਤਮਿਮਾਂਸਕ ਦ੍ਰਿਸ਼ਟੀਕੋਣ ਨੂੰ ਦੇਖਣਾ ਜ਼ਰੂਰੀ ਹੋ ਜਾਂਦਾ ਹੈ, ਇਸ ਨਾਲ ਸੰਬੰਧਿਤ ਦ੍ਰਿਸ਼ਟੀਕੋਣ ਹੀ ਅੱਗੇ ਚੱਲਕੇ ਮਿੱਥ ਅਤੇ ਗਿਆਨ ਸ਼ਾਸਤਰ ਵਿੱਚ ਰੂਪਾਂਤਰਿਤ ਜਾਂਦਾ ਹੈ। ਭਰਤ ਦੇ ਅਵਚੇਤਨ ਵਿੱਚ ਆਰਿਆ ਅਤੇ ਅਨਾਰਿਆ ਦੇਵਮਾਲਾ ਦਾ ਪ੍ਰਤਿਬਿੰਬ ਹੈ, ਉਸ ਦੇ ਸ੍ਰਿਸ਼ਟੀ ਰਚਨਾ ਸਿੱਧਾਂਤ ਵਿੱਚ ਸ਼ਿਵ, ਬ੍ਰਹਮਾਂ ਅਤੇ ਵਿਸ਼ਨੂੰ ਮਹੱਤਵਪੂਰਨ ਸਥਾਨ ਸਹਿਤ ਸ਼ਾਮਿਲ ਹਨ। ਨਾਟਯ ਸ਼ਾਸਤਰ ਦਾ ਪਹਿਲਾ ਸ਼ਲੋਕ ਬ੍ਰਹਮਾਂ ਅਤੇ ਸ਼ਿਵ ਪ੍ਰਤੀ ਸਤੁਤੀ ਹੈ। ਕਥਾ ਅਨੁਸਾਰ ਭਰਤ ਮੁਨੀ ਦੇ ਕੋਲ ਆਤਰੇਯ ਆਦਿ ਮੁਨੀ ਗਣ ਆਉਂਦੇ ਹਨ ਅਤੇ ਨਿਵੇਦਨ ਕਰਦੇ ਹਨ, ਉਹ ਉਹਨਾ ਨੂੰ ਇਹ ਦੱਸਣ ਕਿ ਵੇਦ-ਤੁੱਲ 'ਨਾਟਯਵੇਦ' ਦੀ ਰਚਨਾ ਜੋ ਉਹਨਾ ਨੇ ਕੀਤੀ ਹੈ, ਉਸ ਦਾ ਨਿਰਮਾਣ ਕਿਵੇਂ ਹੋਇਆ ਅਤੇ ਕਿਸਦੇ ਲਈ। ਇਸਦੇ ਕਿੰਨੇ ਅੰਗ ਹਨ ਅਤੇ ਇਸਦਾ ਪ੍ਰਯੋਗ ਕਿਵੇਂ ਕਰਨਾ ਹੈ ਆਦਿ। ਭਰਤ ਮੁਨੀ ਕਹਿੰਦੇ ਹਨ ਕਿ ਸਤਿਯੁਗ ਬੀਤਣ ਤੋਂ ਬਾਅਦ ਤ੍ਰੇਤਾ ਯੁਗ ਵਿੱਚ ਲੋਕ ਕਾਮ ਅਤੇ ਲੋਭ ਵਿਕਾਰਾਂ ਦੇ ਵੱਸ ਵਿੱਚ ਇੱਕ ਦੂਜੇ ਤੋਂ ਈਰਖਾ ਕਰਦੇ ਅਤੇ ਕ੍ਰੋਧਿਤ ਹੁੰਦੇ ਸੁਖੀ ਦੁਖੀ ਹੋ ਰਹੇ ਸਨ। ਇਸ ਨੂੰ ਦੇਖਦਿਆਂ ਮਹੇਂਦਰ ਆਦਿ ਦੇਵਤਿਆਂ ਬ੍ਰਹਮਾਂ ਅੱਗੇ ਪ੍ਰਾਥਨਾ ਕੀਤੀ ਕਿ ਵਿਅਕਤੀਆਂ ਦੇ ਮਨੋਵਿਨੋਦ ਲਈ ਇੱਕ ਸਾਧਨ ਪੈਦਾ ਕੀਤਾ ਜਾਵੇ ਜੋ ਦੇਖਣ ਅਤੇ ਸੁਨਣ ਦੇ ਯੋਗ ਹੋਵੇ ਵਿਧੀ ਨਿਸ਼ੇਧ ਦੇ ਕਾਰਣ ਸ਼ੂਦਰਾਂ ਨੂੰ ਵੇਦ ਦਾ ਸੁਨਣਾ ਸੰਭਵ ਨਹੀਂ ਹੈ ਤੁਸੀਂ ਸਭ ਵਰਣਾ ਦੇ ਲਈ ਪੰਜਵੇਂ ਵੇਦ ਦੀ ਰਚਨਾ ਕਰੋ। ਬ੍ਰਹਮਾਂ ਸਮਾਧੀ ਦੁਆਰਾ ਇਕਾਗਰ ਹੋ ਕਿ ਨਾਟਯ ਨਾਮਕ ਵੇਦ ਦੀ ਚਾਰੇ ਵੇਦਾਂ ਵਿੱਚੋਂ ਸਾਮੱਗਰੀ ਲੈਕੇ ਰਚਨਾ ਕਰਦਾ ਹੈ। ਉਹ ਰਿਗਵੇਦ ਵਿੱਚੋਂ ਪਾਠ, ਸਾਮਵੇਦ ਵਿੱਚੋਂ ਗੀਤ ਯਜੁਰਵੇਦ ਵਿੱਚੋਂ ਅਭਿਨਯ ਅਤੇ ਅਥਰਵਵੇਦ ਵਿੱਚੋਂ ਰਸ ਨੂੰ ਗ੍ਰਹਿਣ ਕਰਦਾ ਹੈ। ਬ੍ਰਹਮਾਂ ਦੁਆਰਾ ਨਾਟਯ ਵੇਦ ਦੇ ਨਿਰਮਾਣ ਤੋਂ ਬਾਅਦ ਇਸ ਨੂੰ ਭਰਤ ਮੁਨੀ ਦੇ ਹਵਾਲੇ ਕਰ ਦਿੱਤਾ ਗਿਆ। ਭਰਤ ਆਪਣੇ ਸੌ ਪੁੱਤਰਾਂ ਸਮੇਤ ਇਸ ਨੂੰ ਪ੍ਰਯੋਗ ਵਿੱਚ ਲਿਆਉਂਦਾ ਹੈ। ਭਰਤ ਦੀ ਸਹਾਇਤਾ ਲਈ ਬ੍ਰਹਮਾਂ ਵੱਲੋਂ ਅਪਸਰਾਵਾਂ ਦੀ ਰਚਨਾ ਕੀਤੀ ਗਈ, ਸਵਾਤੀ ਮੁਨੀ, ਨਾਰਦ ਮੁਨੀ ਅਤੇ ਗੰਧਰਵਾਂ ਨੂੰ ਸੰਗੀਤ ਲਈ ਨਿਯੁਕਤ ਕੀਤਾ ਗਿਆ। ਇੰਦਰ-ਧ੍ਵਜ ਮਹਾਉਤਸਵ ਦੇ ਅਵਸਰ ਤੇ ਪਹਿਲਾ ਨਾਟਕ ਖੇਡਿਆ ਜਾਂਦਾ ਹੈ। ਇਹ ਉਤਸਵ ਦੇਵਤਿਆਂ ਦੀ ਅਸੁਰਾਂ ਉੱਪਰ ਜਿੱਤ ਦਾ ਪ੍ਰਤੀਕ ਸੀ, ਇਸ ਵਿੱਚ ਦਿਖਾਏ ਗਏ ਨਾਟਕ ਵਿੱਚ ਦੇਵਤਿਆਂ ਵੱਲੋਂ ਅਸੁਰਾਂ ਨੂੰ ਮਾਰਿਆ ਜਾਂਦਾ ਦੇਖ ਦੇਵਤਾ ਗਣ ਤਾਂ ਖੁਸ਼ ਹੁੰਦੇ ਹਨ ਪਰ ਅਸੁਰ ਨਾਰਾਜ਼ ਹੋ ਜਾਂਦੇ ਹਨ। ਉਹ ਕ੍ਰੋਧਿਤ ਹੋ ਕੇ ਨਾਟਕ ਵਿੱਚ ਵਿਘਨ ਪਾਉਣ ਲਈ ਉੱਥੋਂ ਨਿਕਲ ਜਾਂਦੇ ਹਨ। ਉਹਨਾ ਆਪਣੇ ਨੇਤਾ ਵਿਰੂਪਾਸ਼ ਅਤੇ ਹੋਰ ਵਿਘਨਕਾਰੀ ਤੱਤਾਂ ਨਾਲ ਮਿਲਕੇ ਮਾਯਾ, ਛਲ, ਕਪਟ ਦੁਆਰਾ ਅਭਿਨੇਤਾਵਾਂ ਦੀ ਵਾਣੀ, ਚੇਸ਼ਟਾ ਅਤੇ ਸਮਰਿਤੀ ਨੂੰ ਬੰਨ੍ਹ ਦਿੱਤਾ। ਇੰਦਰ ਨੇ ਧਿਆਨ ਅਵਸਥਾ ਵਿੱਚ ਦੇਖਿਆ ਕਿ ਸੂਤਰਧਾਰ ਸਮੇਤ ਸਾਰੇ ਅਭਿਨੇਤਾ ਆਦਿ ਵਿਘਨਾ ਵਿੱਚ ਘਿਰੇ ਚੇਤਨਾਹੀਨ ਹੋ ਗਏ ਹਨ। ਇਸ ਤੇ ਇੰਦਰ ਨੂੰ ਕ੍ਰੋਧ ਆਇਆ ਤੇ ਉਸ ਨੇ ਆਪਣੇ ਜਰਜਰ-ਧ੍ਵਜ ਨਾਲ ਸਭ ਵਿਘਨਾ ਨੂੰ ਦੂਰ ਕਰ ਦਿੱਤਾ। ਵਿਘਨਾ ਦੇ ਨਾਸ਼ਕ ਅਤੇ ਅਭਿਨੇਤਾਵਾਂ ਦੇ ਰੱਖਿਅਕ ਵਜੋਂ ਉਸ ਜਰਜਰ ਨੂੰ ਸਥਾਪਿਤ ਕੀਤਾ ਗਿਆ। ਭਰਤ ਮੁਨੀ ਕਹਿੰਦੇ ਹਨ ਕਿ ਉਹ ਅਸੁਰ ਮੇਰੀ ਹੱਤਿਆ ਕਰਨ ਲਈ ਉਤਸੁਕ ਹੋਣ ਲੱਗੇ, ਇਹ ਦੇਖ ਮੈਂ ਆਪਣੇ ਪੁੱਤਰਾਂ ਸਮੇਤ ਬ੍ਰਹਮਾਂ ਕੋਲ ਪਹੁੰਚਿਆ। ਬ੍ਰਹਮਾਂ ਜੀ ਨੇ ਇਸਦੇ ਹੱਲ ਵਜੋਂ ਵਿਸ਼ਵਕਰਮਾਂ ਕੋਲੋਂ ਇਕ ਵਿਸ਼ੇਸ਼ ਲੱਛਣਾ ਵਾਲੀ ਨਾਟਸ਼ਾਲਾ ਤਿਆਰ ਕਰਵਾਈ। ਇਸ ਨਾਟਸ਼ਾਲਾ ਦੀ ਰੱਖਿਆ ਲਈ ਦੇਵਤਿਆਂ ਨੂੰ ਅਲੱਗ-ਅਲੱਗ ਥਾਵਾਂ ਤੇ ਨਿਯੁਕਤ ਕੀਤਾ ਗਿਆ। ਰੰਗਪੀਠ ਦੇ ਮੱਧ ਬ੍ਰਹਮਾਂ ਸਥਿਤ ਹੋਏ, ਜਿੱਥੇ ਬ੍ਰਹਮਾਂ ਦੀ ਪੂਜਾ ਲਈ ਪੁਸ਼ਪ ਚੜਾਏ ਜਾਣ ਲੱਗੇ। ਨਾਇਕ ਦੀ ਰੱਖਿਆ ਇੰਦਰ ਦੇਵ, ਨਾਇਕਾ ਦੀ ਸਰਸਵਤੀ, ਵਿਦੂਸ਼ਕ ਦੀ ਓਂਕਾਰ ਅਤੇ ਬਾਕੀ ਪਾਤਰਾਂ ਦੀ ਰੱਖਿਆ ਸ਼ਿਵ ਕਰਦੇ ਹਨ। ਇਸ ਤੋਂ ਬਾਅਦ ਸਾਰੇ ਦੇਵਤਿਆਂ ਨੇ ਬ੍ਰਹਮਾਂ ਅੱਗੇ ਨਿਵੇਦਨ ਕੀਤਾ ਕਿ ਵਿਘਨ ਕਰਤਾਵਾਂ ਲਈ ਭਵਿੱਖ ਵਿੱਚ ਸਾਮ, ਦਾਮ, ਭੇਦ ਤੋਂ ਬਾਅਦ ਹੀ ਦੰਡ ਪ੍ਰਯੋਗ ਕੀਤਾ ਜਾਵੇ। ਬ੍ਰਹਮਾਂ ਨੇ ਅਸੁਰਾਂ ਨੂੰ ਪੁਛਿਆ ਕਿ ਤੁਸੀਂ ਨਾਟਯ ਦਾ ਵਿਨਾਸ਼ ਕਿਉਂ ਚਾਹੁੰਦੇ ਹੋ, ਵਿਰੂਪਾਸ਼ ਨੇ ਸ਼ਾਤੀਪੂਰਵਕ ਜਵਾਬ ਦਿੱਤਾ ਕਿ ਤੁਸੀਂ ਦੇਵਤਿਆਂ ਦੀ ਬੇਨਤੀ ਉਪਰ ਉਹਨਾ ਨੂੰ ਖੁਸ਼ ਕਰਨ ਲਈ ਜਿਸ ਨਾਟਯਵੇਦ ਦੀ ਰਚਨਾ ਕੀਤੀ ਹੈ, ਉਸ ਵਿੱਚ ਸਾਡਾ ਨਿਰਾਦਰ ਕੀਤਾ ਗਿਆ ਹੈ। "ਹੇ ਪਿਤਾਮਾ, ਤੁਹਾਡੇ ਦੁਆਰਾ ਇਸ ਤਰ੍ਹਾਂ ਨਹੀਂ ਕਰਨਾ ਚਾਹੀਦਾ, ਕਿਉਂਕਿ ਸ੍ਰਿਸ਼ਟੀ ਦੇ ਆਰੰਭ ਵਿੱਚ ਤੁਹਾਡੇ ਤੋਂ ਜਿਵੇਂ ਦੇਵਗਣ ਉਸੇ ਤਰ੍ਹਾਂ ਦੈਂਤਗਣ ਵੀ ਉਤਪੰਨ ਹੋਏ ਹਨ"।(ਨਾਟਯ, 26) ਬ੍ਰਹਮਾਂ ਕਹਿੰਦੇ ਹਨ ਕਿ ਤੁਹਾਡਾ

www.ignited.in

ਕ੍ਰੋਧ ਵਿਅਰਥ ਹੈ, ਮੇਰੇ ਦੁਆਰਾ ਨਿਰਮਿਤ ਨਾਟਯਵੇਦ ਤੁਹਾਡੇ ਅਤੇ ਦੇਵਤਿਆਂ ਦੇ ਸ਼ੁੱਭ ਅਸ਼ੁੱਭ ਕਰਮਾਂ, ਵੰਸ਼ ਅਤੇ ਭਾਵਾਂ ਨੂੰ ਵਿਅਕਤ ਕਰਨ ਵਾਲਾ ਹੈ। ਬਲਕਿ ਇਸ ਵਿੱਚ ਤ੍ਰਿਲੋਕ ਦੇ ਭਾਵਾਂ ਦਾ ਪ੍ਰਸਤੁਤੀਕਰਣ ਹੈ।

ਭਰਤ ਮੁਨੀ ਦੁਆਰਾ ਰਚੇ ਨਾਟਯ ਸ਼ਾਸਤਰ ਉੱਤੇ ਆਧਾਰਿਤ 'ਨਾਟ' ਆਰਿਆ ਅਤੇ ਅਨਾਰਿਆ ਸਭਿਅਤਾ ਦੇ ਆਪਸੀ ਸੰਵਾਦ ਵਿੱਚੋਂ ਨਿਕਲਿਆ ਗਿਆਨ ਯੁਕਤ, ਸੌਂਦਰਯਾਤਮਕ, ਮਨੋਰੰਜਨ ਦਾ ਸਾਧਨ ਹੈ, ਜਿਸ ਨੂੰ ਦੇਖਿਆ ਅਤੇ ਸੁਣਿਆ ਜਾ ਸਕਦਾ ਹੈ। ਨਾਟ ਗਿਆਨ ਅਤੇ ਸ਼ਿਲਪ ਦਾ ਸੁਮੇਲ ਹੈ, ਭਰਤ ਮੁਨੀ ਖੁਦ ਆਰਿਆਈ ਬ੍ਰਾਹਮਨੀਕਲ ਨੈਤਿਕਤਾ ਦਾ ਸਮਰਥਕ ਹੈ, ਉਸ ਦਾ ਗਿਆਨਸ਼ਾਸਤਰ ਵੇਦਾਂ ਉਪਰ ਆਧਾਰਿਤ ਹੈ, ਜਿਸ ਦਾ ਉਤਪਾਦਕ ਬ੍ਰਹਮਾਂ ਨੂੰ ਦਿਖਾਇਆ ਗਿਆ ਹੈ। ਨਾਟਯ ਸ਼ਾਸਤਰ ਦੇ ਸ਼ਿਲਪ ਪੱਖ ਦਾ ਪ੍ਰਵਰਤਕ ਅਨਾਰਿਆ ਦੇਵਤਾ ਸ਼ਿਵ ਹੈ। ਸ਼ਿਵ ਨੂੰ ਸੰਪੂਰਣ ਭਾਰਤੀ ਕਲਾਵਾਂ ਦਾ ਸਿਰਜਕ ਅਤੇ ਸੌਂਦਰਯ ਦਾ ਆਧਾਰ ਮੰਨਿਆ ਗਿਆ ਹੈ। ਨਾਟਯਅਵਤਾਰ ਪਰਕਰਣ ਵਿੱਚ ਭਰਤ ਨਟਾਂ ਨੂੰ ਰਿਸ਼ੀਆਂ ਦੁਆਰਾ ਆਪਣੇ ਸ਼੍ਰਾਪਿਤ ਬ੍ਰਾਹਮਣ ਪੁੱਤਰ ਕਹਿੰਦਾ ਹੈ, ਜੋ ਦੰਡ ਵਜੋਂ ਸ਼ੂਦਰ ਜੀਵਨ ਜੀ ਰਹੇ ਹਨ। ਪ੍ਰਸਤੁਤ ਕਥਾ ਵਿੱਚਲੇ ਦੇਵਤਿਆਂ ਅਤੇ ਅਸੁਰਾਂ ਨੂੰ ਜੇਕਰ ਅਸੀਂ ਆਰਿਆ ਅਤੇ ਅਨਾਰਿਆ ਮੰਨਕੇ ਚੱਲੀਏ ਤਾਂ ਤਸਵੀਰ ਕੁੱਝ ਸਾਫ ਹੁੰਦੀ ਨਜ਼ਰ ਆਉਂਦੀ ਹੈ। ਲੋਕਾਇਤ, ਸਾਂਖ ਅਤੇ ਸ਼ੈਵ ਤਾਂਤਰਿਕ ਮੱਤਾਂ ਤੋਂ ਉਤਪੰਨ ਦੇਹਵਾਦੀ ਸੌਂਦਰਯ ਸ਼ਾਸਤਰ ਨੂੰ ਅਤੇ ਉਸ ਉਪਰ ਆਧਾਰਿਤ ਕਲਾਵਾਂ ਨੂੰ ਨਿਰੰਤਰ ਪ੍ਰਯੋਗ ਵਿੱਚ ਲਿਆਉਣ ਵਾਲੇ ਕਲਾਕਾਰ ਨਟਾਂ ਨੂੰ ਨਾਟਯ ਸ਼ਾਸਤਰ ਵਿੱਚ ਸਨਮਾਨ ਪੂਰਵਕ ਜਗ੍ਹਾ ਦਿੱਤੀ ਗਈ। ਪ੍ਰਚੀਨ ਕਬੀਲਾ ਸਮਾਜ ਵਿੱਚ ਧਰਤੀ ਅਤੇ ਇਸਤਰੀ ਦੀ ਉਰਵਰਤਾ ਨੂੰ ਵਧਾਓਣ ਲਈ ਕਈ ਪ੍ਰਕਾਰ ਦੇ ਕਰਮਕਾਂਡੀ ਨਿਤ੍ਰ ਪ੍ਰਚਲਿਤ ਹੋਏ। ਜਿਹਨਾਂ ਵਿੱਚ ਜਾਦੂ, ਗਾਇਨ, ਸਾਜਾਂ ਦੀ ਲੈਯ, ਤਾਲ ਅਤੇ ਆਂਗਿਕ ਹਰਕਤਾਂ ਦਾ ਪ੍ਰਦਰਸ਼ਨ ਪ੍ਰਮੁਖ ਹੁੰਦਾ ਸੀ। ਇਹ ਨਿਤ੍ਰ ਇਕੱਲੇ ਵਿਅਕਤੀ ਦੁਆਰਾ ਨਾ ਹੋਕੇ ਸਮੂਹ ਕਬੀਲੇ ਦਾ ਸਾਂਝਾ ਅਨੁਸ਼ਠਾਨ ਹੋਇਆ ਕਰਦਾ ਸੀ। ਇਸ ਪਰੰਪਰਾ ਦੇ ਦਰਸ਼ਨ ਅੱਜ ਵੀ ਕਬੀਲਾਈ ਸਮਾਜ ਦੇ ਰਿਵਾਜਾਂ ਵਿੱਚ ਹੋ ਜਾਂਦੇ ਹਨ। ਨਾਟਯ ਸ਼ਾਸਤਰ ਵਿੱਚ ਤਾਲ ਵਾਲੇ ਸਾਜਾਂ ਨੂੰ ਵਜਾਉਣ ਵਾਲਿਆਂ ਲਈ "ਭਾਂਡ" ਲਫ਼ਜ਼ ਆਇਆ ਹੈ, ਮਰਾਸੀ ਕਬੀਲੇ ਦੇ ਕਲਾਕਾਰਾਂ ਨੂੰ ਪੰਜਾਬੀ ਵਿੱਚ ਭੰਡ ਕਿਹਾ ਜਾਂਦਾ ਹੈ। ਇਹ ਲੋਕ ਅੱਜ ਤੱਕ ਵੀ ਢੋਲਕ, ਤੱਬਲੇ ਆਦਿ ਸਾਜਾਂ ਵਿੱਚ ਨਿਪੁਣ ਹੁੰਦੇ ਹਨ। ਸਰਵਪ੍ਰਥਮ ਨਾਟਕ ਦਾ ਆਧਾਰ ਉਤਸਵਾਂ ਵਿੱਚ ਕੀਤੇ ਜਾਂਦੇ ਲੋਕ ਨ੍ਰਿਤ ਬਣੇ, ਜਿਹਨਾ ਦਾ ਸ਼ਾਸਤਰੀ ਕਰਣ ਬਾਅਦ ਵਿੱਚ ਹੋਇਆ। ਭਰਤ ਮੁਨੀ ਦਾ ਮਨੋਰਥ ਨਾਟ ਦੇ ਜ਼ਰੀਏ ਮਨੋਰੰਜਨ ਦੇ ਨਾਲ ਨਾਲ ਵੈਦਿਕ ਧਰਮ ਦਾ ਹਰ ਵਰਗ ਤੱਕ ਪ੍ਰਸਾਰ ਸੀ, ਜਿਸ ਵਿੱਚ ਜਨਮ ਜਾਤ ਵਰਣ ਵੰਡ ਪਈ ਹੋਈ ਹੈ, ਪਰ ਉਹ ਵੀ ਸ਼ੂਦਰ ਕਹੇ ਜਾਂਦੇ ਕਲਾਕਾਰਾਂ ਨੂੰ, ਜਿਹਨਾ ਦੀ ਭਰਪੂਰ ਪ੍ਰਸਿੱਧੀ ਸੀ ਨਾਟਯ ਵੇਦ ਵਿੱਚੋਂ ਬਾਹਰ ਨਹੀਂ ਸੀ ਰੱਖ ਸਕਦਾ।

ਆਰਿਆ ਅਨਾਰਿਆ ਸਭਿਅਤਾ ਦਾ ਆਪਸੀ ਸੰਵਾਦ ਵੈਦਿਕ ਕਾਲ ਤੋਂ ਹੀ ਸ਼ੁਰੂ ਹੋ ਗਿਆ ਸੀ, ਇਸ ਦਾ ਪ੍ਰਮਾਣ ਵੇਦਾਂ ਵਿੱਚ ਆਇਆ ਰੁਦਰ (ਸ਼ਿਵ) ਦਾ ਵਰਨਣ ਹੈ। ਜਿਸ ਦੀ ਮਹਿਮਾਂ ਚਾਰੇ ਵੇਦਾਂ ਵਿੱਚ ਗਾਈ ਗਈ ਹੈ। ਰੁਦਰ ਸਿੰਧੂ ਘਾਟੀ ਸਭਿਅਤਾ ਦਾ ਪੁਰਾਤਨ ਦੇਵਤਾ ਹੈ ਜਿਸਦੀ ਪਰੰਪਰਾ ਵਿੱਚੋਂ ਤੰਤਰ ਆਦਿ ਭੌਤਿਕਵਾਦੀ ਮੱਤਾਂ ਦਾ ਜਨਮ ਹੁੰਦਾ ਹੈ। ਸਿੰਧੂ ਘਾਟੀ ਦੇ ਲੋਕ ਰੁਦਰ ਦੇ ਨਾਲ ਭੂ-ਦੇਵੀ ਦੀ ਪੂਜਾ ਵੀ ਕਰਦੇ ਸਨ। ਉਹ ਇਸਤਰੀ ਪੁਰਸ਼ ਦੇ ਮੇਲ ਪੈਦਾ ਹੁੰਦੀ ਔਲਾਦ ਦੀ ਉਤਪਤੀ ਨੂੰ ਧਰਤੀ ਦੀ ਉਜਾਉਕਤਾ ਨਾਲ ਜੋੜਦੇ ਸਨ। ਜਿਸ ਵਿੱਚ ਸ਼ਿਵ-ਸ਼ਕਤੀ ਦੇ ਮਿਲਨ ਤੋਂ ਸ੍ਰਿਸ਼ਟੀ ਰਚਨਾ ਸਿੱਧਾਂਤ ਦਾ ਮੂਲ ਪਿਆ ਹੋਇਆ ਹੈ। ਸਿੰਧੂ ਘਾਟੀ ਦੇ ਲੋਕਾਂ ਨੂੰ ਹੀ ਆਰਿਆ ਵੱਲੋਂ ਅਸੁਰ ਕਿਹਾ ਗਿਆ, ਆਰਿਅਨ ਹਮਲਿਆਂ, ਜਿਹਨਾ ਦਾ ਵੇਰਵਾ ਰਿਗਵੇਦ ਵਿੱਚ ਮਿਲਦਾ ਹੈ, ਦੇ ਬਾਵਜੂਦ ਅਸੁਰ ਸਸਕ੍ਰਿਤੀ ਦੇ ਲੋਕ ਪੂਰੀ ਤਰ੍ਹਾਂ ਤਬਾਹ ਹੋ ਗਏ ਹੋਣਗੇ ਇਸਦਾ ਕੋਈ ਆਧਾਰ ਨਹੀਂ ਬਚਦਾ। ਅਸੁਰ ਭਾਰਤੀ ਸਭਿਅਤਾ ਦਾ ਹਮੇਸ਼ਾਂ ਹਿੱਸਾ ਰਹੇ ਹਨ, ਦੇਵੀਪ੍ਰਸਾਦ ਚਟੋਪਾਧਿਆਇ ਨੇ ਆਪਣੀ 'ਲੋਕਾਇਤ' ਨਾਮੀ ਪੁਸਤਕ ਵਿੱਚ ਸਿੱਧ ਕੀਤਾ ਹੈ ਕਿ ਸਿੰਧੂ ਘਾਟੀ ਦੇ ਪੁਰਾਤਨ ਭਾਰਤੀ ਬਾਸ਼ਿੰਦੇ ਹੀ ਅਸੁਰ ਸਨ। ਲੋਕਾਯਤ ਧਰਮ, ਤੰਤਰ, ਯੋਗ ਅਤੇ ਸਾਂਖ ਇਹਨਾ ਦੀ ਗਿਆਨਾਤਮਕ ਯਾਤਰਾ ਦਾ ਸਿੱਟਾ ਸਨ, ਦੇਵੀਪ੍ਰਸਾਦ ਇਹਨਾ ਨੂੰ ਪ੍ਰਚੀਨ ਭਾਰਤੀ ਭੌਤਿਕਵਾਦ ਨਾਲ ਜੋੜਦੇ ਹਨ। ਵੈਦਿਕ ਪਰੰਪਰਾ ਆਤਮਵਾਦੀ ਬ੍ਰਹਮਨਿਸ਼ਟ ਰਹੀ ਹੈ, ਇਸ ਲਈ ਇਸ ਵਿੱਚ ਤੱਤਮਿਮਾਂਸਾ ਪੈਦਾ ਹੋਣ ਦੀ ਸੰਭਾਵਨਾ ਤਾਂ ਸੀ ਪਰ ਭੌਤਿਕ ਸੌਂਦਰਯ ਨੂੰ ਦੇਖਣ ਅਤੇ ਉਸਦਾ ਕੋਈ ਸ਼ਾਸਤਰ ਬਨਾਉਣ ਦੀ ਸਮਰੱਥਾ ਨਹੀਂ ਸੀ। ਵੈਦਿਕ ਮੱਤ ਨਿਰਪੇਖ ਸੱਤ ਦੀ ਖੋਜ ਵਿੱਚ ਆਪਣਾ ਅਭਿਆਸ ਕਰਦਾ ਹੈ, ਕੁਦਰਤ ਦੀ ਹਰ ਸ਼ਕਤੀ ਅਤੇ ਗਿਆਨਾਤਮਕ ਧਾਰਾ ਦਾ ਸੰਚਾਲਕ ਕਿਸੇ ਦੇਵਤਾ ਨੂੰ ਨਿਰਧਾਰਿਤ ਕਰਦਾ ਹੈ ਅਤੇ ਅੰਤ ਵਿੱਚ ਬ੍ਰਹਮ ਤੱਕ ਪਹੁੰਚਦਾ ਹੈ। ਵੇਦਾਂ ਵਿੱਚ ਆਇਆ ਰੁਦਰ ਵੀ ਸਧਾਰਣ ਦੇਵਤੇ ਤੋਂ ਉੱਪਰ ਬ੍ਰਹਮ ਸਵਰੂਪ ਹੋ ਜਾਂਦਾ ਹੈ। ਇਸੇ ਲਈ ਨਾਟਯ ਵਰਗੀ ਭੌਤਿਕ ਕਲਾ ਦਾ ਸ਼ਾਸਤਰੀਕਰਣ ਕਰਨ ਵੇਲੇ ਭਰਤ ਮੁਨੀ ਨੂੰ ਅਸੁਰ ਮੱਤ ਉੱਪਰ ਆਧਾਰਿਤ ਸੌਂਦਰਯ ਸ਼ਾਸਤਰ ਦਾ ਸਹਾਰਾ ਲੈਣਾ ਪੈਂਦਾ ਹੈ। ਇਹ ਸੰਵਾਦ ਨਿਰੰਤਰ ਚੱਲਦਾ ਰਿਹਾ, ਆਦਿ ਸ਼ੰਕਰਾਚਾਰਿਆ ਜਿੱਥੇ ਬ੍ਰਹਮ ਸੂਤਰ ਦੀ ਵਿਆਖਿਆ ਵਿੱਚ ਵੇਦਾਂਤਕ ਅਦ੍ਵੈਤ ਦਰਸ਼ਨ ਦਾ ਸਿਖਰ ਪੈਦਾ ਕਰਦੇ ਹਨ ਉੱਥੇ ਹੀ 'ਸੌਂਦਰਯ ਲਹਿਰੀ' ਦਾ ਸੌਂਦਰਯ-ਤਾਤਵਿਕ ਆਧਾਰ ਸ਼ਿਵ-ਸ਼ਕਤੀ ਪਰੰਪਰਾ ਵਿੱਚੋਂ ਤਲਾਸ਼ਦੇ ਹਨ। ਉਹਨਾ ਦਾ ਮਾਯਾ ਸੰਬੰਧੀ ਸਿੱਧਾਂਤ ਵੀ ਇਸ ਨਾਲ ਜੁੜਿਆ ਪ੍ਰਤੀਤ ਹੁੰਦਾ ਹੈ। ਇਸੇ ਤਰ੍ਹਾਂ ਤਾਂਤਰਿਕ ਦਰਸ਼ਨ ਦੀ ਪਰੰਪਰਾ ਅੰਦਰ ਅਦ੍ਵੈਤ ਦਰਸ਼ਨ ਝਲਕਾਂ ਮਾਰਦਾ ਨਜ਼ਰ ਆਉਂਦਾ ਹੈ, ਇਸ ਦਾ ਪ੍ਰਮਾਣ ਅਤੇ ਸਿਖਰ ਅਭਿਨਵ ਗੁਪਤ ਹੈ। ਪੁਰਾਤਨ ਭਾਰਤੀ ਚਿੰਤਨ ਪਰੰਪਰਾ ਭੌਤਿਕਵਾਦੀ ਅਤੇ ਆਤਮਵਾਦੀ ਧਾਰਾਵਾਂ ਦੇ ਨਿਰੰਤਰ ਆਪਸੀ ਸੰਵਾਦ ਵਿੱਚੋਂ ਵਿਕਸਿਤ ਹੋਈ ਹੈ। ਇਹ ਪ੍ਰਚੀਨ ਭਾਰਤੀ ਗਿਆਨ ਸ਼ਾਸਤਰ ਅਤੇ ਕਲਾ ਸ਼ਾਸਤਰ ਦਾ ਆਧਾਰ ਰਿਹਾ ਹੈ, ਇਹ ਵੇਦਾਂ ਵਿੱਚ ਸ਼ੁਰੂ ਹੋਇਆ ਅਤੇ ਉਪਨਿਸ਼ਦਾਂ, ਬ੍ਰਾਹਮਣ ਗ੍ਰੰਥਾਂ, ਪੁਰਾਣਾ ਅਤੇ ਸ਼ਾਸਤਰਾਂ ਵਿੱਚ ਯਾਤਰਾ ਕਰਦਾ ਕਰਦਾ ਵਿਕਸਿਤ ਹੁੰਦਾ ਹੈ। ਮਨੂ ਆਪਣੀ ਸਮ੍ਰਿਤੀ ਵਿੱਚ ਮੰਨਦਾ ਹੈ ਕਿ ਸ਼੍ਰੁਤੀ ਦੋ ਪ੍ਰਕਾਰ ਦੀ ਹੁੰਦੀ ਹੈ ਇੱਕ ਵੈਦਿਕ ਅਤੇ ਦੂਸਰੀ ਤਾਂਤਰਿਕ। ਯਾਨਿ ਕਿ ਸ਼੍ਰੁਤੀ ਦੀ ਪਰੰਪਰਾ ਵਿੱਚ ਵੀ ਦੋ ਧਾਰਾਵਾਂ ਰਹੀਆਂ ਹਨ।

ਭਰਤ ਮੁਨੀ ਇੱਕ ਸ਼ਲੋਕ ਵਿੱਚ ਕਹਿੰਦੇ ਹਨ, "ਭਗਵਾਨ ਬ੍ਰਹਮਾਂ ਨੇ ਸਾਰੇ ਵੇਦਾਂ ਦਾ ਸਮਰਣ ਕਰਦੇ ਹੋਏ ਸੰਕਲਪ ਕੀਤਾ- ਮੈਂ ਨਾਟਯ ਨਾਮਕ ਐਸੇ ਪੰਜਵੇਂ ਵੇਦ ਦੀ ਇਤਿਹਾਸ ਸਹਿਤ ਰਚਨਾ ਕਰਦਾ ਹਾਂ ਜੋ ਧਰਮ ਅਤੇ ਅਰਥ ਦੀ ਪ੍ਰਾਪਤੀ ਕਰਾਉਣ ਵਾਲ, ਯਸ਼ ਪ੍ਰਦਾਤਾ, ਉਪਦੇਸ਼ ਅਤੇ ਸੰਗ੍ਰਹਿ ਨਾਲ ਯੁਕਤ, ਭਾਵੀ ਜਗਤ ਦੇ ਲਈ ਸਾਰੇ ਕਾਰਜਾਂ ਦਾ ਪੱਥ-ਪ੍ਰਦਰਸ਼ਕ, ਸਭ ਸ਼ਾਸਤਰਾਂ ਦੇ ਅਰਥਾਂ ਨਾਲ ਪਰਿਪੂਰਣ ਅਤੇ ਸਭ ਸ਼ਿਲਪਾਂ ਨੂੰ ਪ੍ਰਦਰਸ਼ਿਤ ਕਰਨ ਵਾਲਾ ਹੋਏਗਾ"।[1] ਵੇਦਾਂ ਤੋਂ ਲਏ ਗਏ ਤੱਤਾਂ ਬਾਰੇ ਚਰਚਾ ਕਰਨ ਤੋਂ ਪਹਿਲਾਂ ਇੱਥੇ ਦੇਖਣ ਯੋਗ ਹੈ ਕਿ ਇਸ ਵਿੱਚ ਇਤਿਹਾਸ ਨੂੰ ਸ਼ਾਮਿਲ ਕੀਤਾ ਗਿਆ ਹੈ, ਵੈਦਿਕ ਵਾਂਗਮਯ ਦੇ ਅੰਤਰਗਤ ਇਤਿਹਾਸ ਉਹ ਸਾਹਿਤ ਹੈ, ਜਿਸ ਵਿੱਚ ਪੂਰਵ ਘਟਿਤ ਮਹਾਨ ਨਾਯਕਾਂ ਦਾ ਜੀਵਨ ਬਿਰਤਾਂਤ ਵਰਣਿਤ ਹੁੰਦਾ ਹੈ, ਰਾਮਾਇਣ ਅਤੇ ਮਹਾਭਾਰਤ ਇਸ ਕੋਟੀ ਵਿੱਚ ਆਉਂਦੇ ਹਨ। ਜਿਵੇਂ ਯੂਨਾਨੀ ਨਾਟਕ ਵਿੱਚ ਕਥਾ ਖਿੱਤੇ ਦੇ ਮਿੱਥ ਸੰਗ੍ਰਹਿਆਂ ਤੋਂ ਲਈ ਜਾਂਦੀ ਹੈ, ਉਸੇ ਤਰ੍ਹਾਂ ਭਾਰਤੀ ਨਾਟਯ ਸ਼ਾਸਤਰ ਦੇ ਰਚਇਤਾ ਲਈ ਮਿੱਥ ਮਹੱਤਵਪੂਰਣ ਹੈ। ਭਾਰਤੀ ਮਿਥਿਹਾਸ ਮਹਾਕਾਵਿਆ ਤੋਂ ਸ਼ੁਰੂ ਹੋ ਕੇ ਪੁਰਾਣ ਕਥਾ ਤੱਕ ਪਹੁੰਚਦਾ ਹੈ ਜੋ ਨਾਟਯ ਨੂੰ ਧਰਮ,

www.ignited.in

ਅਰਥ, ਯਸ਼, ਉਪਦੇਸ਼, ਸ਼ਾਸਤਰਾਂ ਦੇ ਅਰਥ ਸੁਲਭ ਕਰਣਾਉਨ ਵਾਲਾ ਸਾਧਨ ਬਣਾ ਦਿੰਦਾ ਹੈ। ਇਸਦਾ ਦੂਸਰਾ ਪੱਖ ਸ਼ਿਲਪ ਕਲਾਵਾਂ ਨਾਲ ਜੁੜਿਆ ਹੋਇਆ ਹੈ, ਜਿਸ ਵਿੱਚ ਸੰਗੀਤ, ਨ੍ਰਿਤ ਪ੍ਰਮੁੱਖ ਹਨ। ਨਾਟਯ ਦਾ ਦੇਵ ਨਟਰਾਜ ਸ਼ਿਵ ਵੀ ਨ੍ਰਿਤ ਮੁਦਰਾ ਵਿੱਚ ਹੈ, ਜਿਸਦੇ ਇੱਕ ਹੱਥ ਵਿੱਚ ਡਮਰੂ ਵੱਜ ਰਿਹਾ ਹੈ, ਦੂਸਰੇ'ਚ ਪ੍ਰਜ੍ਵਲਿਤ ਜ੍ਵਾਲਾ, ਗਲੇ ਵਿੱਚ ਨਾਗ ਮਾਲਾ, ਤੇੜ ਬਾਘ ਦੀ ਖੱਲ, ਪੈਰਾਂ ਵਿੱਚ ਲਿਤੜਿਆ ਜਾਂਦਾ ਬੌਣਾ ਪਿਸ਼ਾਚ ਅਤੇ ਇਰਧ ਗਿਰਧ ਅਗਨੀ ਦਾ ਇੱਕ ਮੰਡਲ। ਡਮਰੂ ਤਾਲਗੱਤ ਸੰਗੀਤ, ਹੱਥ ਵਿਚਲੀ ਜ੍ਵਾਲਾ ਪੁਨਰ ਸਿਰਜਣਾਤਮਕ ਵਿਨਾਸ਼, ਨਾਗ ਮਾਲਾ ਕੁੰਡਲਿਨੀ, ਬਾਘ ਦੀ ਖੱਲ ਬੱਲ ਅਤੇ ਬੌਣਾ ਪਿਸ਼ਾਚ ਕਰੂਪਤਾ ਦਾ ਪ੍ਰਤੀਕ ਹੈ। ਦੁਆਲੇ ਘੁੰਮ ਰਹੀ ਅਗਨੀ ਨਟਰਾਜ ਸ਼ਿਵ ਦੇ ਇਸ ਬ੍ਰਹਮੰਡੀ ਨ੍ਰਿਤ ਦੀ ਲਗਾਤਾਰਤਾ ਦ੍ਰਿਸ਼ਾ ਰਹੀ ਹੈ। ਨਾਟਯ ਨੂੰ ਸਿਖਰ ਤੇ ਪਹੁੰਚਾਉਣ ਲਈ ਉਸ ਵਿੱਚ ਕਥਾ, ਅਭਿਨਯ, ਸੰਗੀਤ, ਨ੍ਰਿਤ ਅਤੇ ਕਾਵਿ ਆਪਣੀ ਭੂਮਿਕਾ ਨਿਭਾਉਂਦੇ ਹਨ। ਨੈਤਿਕਤਾ ਧਰਮ ਅਧੀਨ ਕਥਾ ਅਤੇ ਅਭਿਨਯ ਦੁਆਰਾ ਪ੍ਰਸਤੁਤ ਹੁੰਦੀ ਹੈ, ਜੀਵਨ ਦਾ ਸੌਂਦਰਯ ਸ਼ਾਸਤਰੀ ਪੱਖ ਸੰਗੀਤ, ਨ੍ਰਿਤ ਅਤੇ ਕਾਵਿ ਸਮੇਤ ਬਾਕੀ ਕਲਾਵਾਂ ਜ਼ਰੀਏ ਉਜਾਗਰ ਕੀਤਾ ਜਾਂਦਾ ਹੈ ਅਤੇ ਇਹਨਾ ਦੋਹਾਂ ਨੂੰ ਰਸ ਨਿਸ਼ਪਤੀ ਲਈ ਇੱਕ ਯੋਗ ਵਿੱਚ ਬੰਨ੍ਹ ਦਿੱਤਾ ਜਾਂਦਾ ਹੈ, ਇਹ ਭਰਤ ਮੁਨੀ ਦਾ ਵੱਡਾ ਕਮਾਲ ਹੈ।

"ਭਰਤ ਮੁਨੀ ਨੇ ਪਾਠਯ ਅਰਥਾਤ ਸੰਵਾਦ ਅਤੇ ਕਥੋ-ਪਕਥਨ ਦੇ ਤੱਤ ਨੂੰ ਰਿਗਵੇਦ ਤੋਂ ਲਿਆ, ਗੀਤ ਅਤੇ ਗੇਯਾਤਮਕਤਾ ਸਾਮਵੇਦ ਤੋਂ ਲਈ, ਅਭਿਨਯ ਦੀ ਪ੍ਰਚੁਰ ਸਾਮਗਰੀ ਉਹਨਾ ਨੂੰ ਯਜੁਰਵੇਦ ਤੋਂ ਮਿਲੀ ਅਤੇ ਰਸਾਦਾਇਕ ਤੱਤ ਅਥਰਵਵੇਦ ਤੋਂ ਮਿਲਿਆ"।(ਰਿਗਵੇਦ ਮੇਂ ਕਾਵਿਆ ਤੱਤਵ, 96) ਸ਼ੁਰੂ ਵਿੱਚ ਵੇਦ ਇੱਕ ਹੀ ਸੀ ਰਿਗਵੇਦ, ਜਿਸਦਾ ਵਿਭਾਜਨ ਵੇਦ ਵਿਆਸ ਨੇ ਚਾਰ ਭਾਗਾਂ ਵਿੱਚ ਕਰ ਦਿੱਤਾ, ਇਸ ਤਰ੍ਹਾਂ ਵੇਦ ਚਾਰ ਹੋ ਗਏ। ਭਰਤ ਮੁਨੀ ਵੱਲੋਂ ਦਰਸ਼ਾਏ ਨਾਟਯ ਸ਼ਾਸਤਰ ਦੇ ਚਾਰੋਂ ਤੱਤਾਂ ਸੰਵਾਦ, ਗੀਤ, ਅਭਿਨਯ ਅਤੇ ਰਸ ਦਾ ਮੂਲ ਆਰਿਆ ਅਨਾਰਿਆ ਸਭਿਆਤਾਵਾਂ ਦੇ ਅਨੁਸ਼ਠਾਨਾ ਵਿੱਚ ਲਗਾਤਾਰ ਅਭਿਆਸ ਸ਼ਾਮਿਲ ਸੀ। ਇਹਨਾ ਦਾ ਸੰਗਠਿਤ ਰੂਪ ਵੇਦਾਂ ਵਿੱਚ ਪ੍ਰਾਪਤ ਹੁੰਦਾ ਹੈ। ਰਿਗਵੇਦ ਵਿੱਚ ਯਮ-ਯਮੀ, ਪੁਰੂਰਵਾ-ਉਰਵਸ਼ੀ, ਸਰਮਾ-ਪਣਿ, ਇੰਦਰ-ਵਾਮਦੇਵ, ਗ੍ਰਤਸਮਦ-ਅਸੁਰ, ਲੋਪਾਮੁਦਰਾ-ਅਗੱਸਤ ਆਦਿ ਸੰਵਾਦ ਉਪਲਭਦ ਹਨ। ਰਿਗਵੇਦ ਵਿੱਚ ਕਾਵਿ ਦੇ ਪ੍ਰਥਮ ਤੱਤ ਮਿਲਦੇ ਹਨ, ਇਸ ਬਾਣੀ ਨੂੰ ਸ਼੍ਰੁਤੀ ਕਿਹਾ ਜਾਂਦਾ ਹੈ, ਜੋ ਸੁਣੀ ਗਈ ਹੈ। ਇਸ ਦੇ ਰਚੇਤਾ ਰਿਸ਼ੀ ਇਸਨੂੰ ਆਪਣੀ ਰਚਨਾ ਨਹੀਂ ਕਹਿੰਦੇ। ਇਹ ਬਾਣੀ ਮੰਤਰ ਰੂਪ ਵਿੱਚ ਹੈ, ਹਰ ਮੰਤਰ ਇਕ ਖਾਸ ਛੰਦ ਵਿੱਚ ਰਚਿਆ ਗਿਆ ਹੈ। ਇਹਨਾ ਮੰਤਰਾਂ ਵਿੱਚ ਛੰਦ ਵਿਧਾਨ ਦੇ ਅੰਤਰਗਤ ਧੁਨੀਆਂ ਨੂੰ ਜਾਦੂਮਈ ਬਣਤਰ ਵਿੱਚ ਪਰੋਇਆ ਗਿਆ ਹੈ, ਜੋ ਅਰਥ ਦੇ ਨਾ ਸਮਝੇ ਜਾਣ ਤੇ ਵੀ ਸਰੋਤੇ ਨੂੰ ਪ੍ਰਭਾਵਿਤ ਕਰਦੀ ਹੈ। ਛੰਦ ਪ੍ਰਚੀਨ ਕਾਵਿ ਦਾ ਇਕ ਖਾਸ ਲੱਛਣ ਹੈ ਜੋ ਲਗਭਗ ਸਾਰੀਆਂ ਸਭਿਆਤਾਵਾਂ ਦੀਆਂ ਕਾਵਿ ਧਾਰਾਵਾਂ ਵਿੱਚ ਪ੍ਰਾਪਤ ਹੁੰਦਾ ਹੈ। ਹਰ ਛੰਦ ਦੀ ਇਕ ਖਾਸ ਗਤੀ ਹੁੰਦੀ ਹੈ ਜੋ ਕਾਵਿ ਵਿੱਚ ਭਾਵ ਅਤੇ ਸੰਗੀਤਕ ਲਯ ਉਤਪੰਨ ਕਰਦੀ ਹੈ, ਇਸ ਤਰ੍ਹਾਂ ਇਹ ਮੰਤਰ ਗਾਏ ਜਾਣ ਯੋਗ ਹਨ। ਇਹ ਮੰਤਰ ਅਤੇ ਸ਼ਲੋਕ ਯੱਗ ਰੂਪੀ ਅਨੁਸ਼ਠਾਨ ਵਿੱਚ ਪਰੋਹਿਤਾਂ ਦੁਆਰਾ ਗਾਏ ਜਾਂਦੇ ਸਨ, ਇਹਨਾ ਦੇ ਉਚਾਰਣ ਵੇਲੇ ਕੁਝ ਆਂਗਿਕ ਮੁਦਰਾਵਾਂ ਦੁਆਰਾ ਇਹਨਾ ਦੇ ਭਾਵ ਵਿਅਕਤ ਕਰਨ ਦਾ ਯਤਨ ਕੀਤਾ ਜਾਂਦਾ ਸੀ, ਇਹ ਅਭਿਨਯ ਦਾ ਆਧਾਰ ਬਣਦਾ ਹੈ।

ਨਾਟਯ ਸ਼ਾਸਤਰ ਦੇ ਚੌਥੇ ਤੱਤ **ਰਸ** ਦਾ ਆਧਾਰ ਭਰਤ ਮੁਨੀ ਵੱਲੋਂ ਅਥਰਵਵੇਦ ਨੂੰ ਦੱਸਣਾ ਇਸਦੇ ਆਯੁਰਵੇਦ ਨਾਲ ਸੰਬੰਧਿਤ ਹੋਣ ਵੱਲ ਇਸ਼ਾਰਾ ਕਰਦਾ ਹੈ। ਜੋ ਦੁਬਾਰਾ ਸ਼ੈਵ ਪਰੰਪਰਾ ਵੱਲ ਧਿਆਨ ਆਕਰਸ਼ਿਤ ਕਰਦਾ ਹੈ। ਰਿਗਵੇਦ ਵਿੱਚ "ਰੁਦ੍ਰ ਨੂੰ ਔਸ਼ਧੀਆਂ ਦਾ ਸਵਾਮੀ ਕਿਹਾ ਗਿਆ ਹੈ"।[2] ਕਿਹਾ ਗਿਆ ਹੈ ਕਿ "ਹੇ ਰੁਦ੍ਰ! ਤੁਹਾਡਾ ਉਹ ਸੁਖਦਾਤਾ ਹੱਥ ਕਿੱਥੇ ਹੈ, ਜਿਸ ਨਾਲ ਤੁਸੀਂ ਦਵਾ ਤਿਆਰ ਕਰਕੇ ਸਭ ਨੂੰ ਸੁਖੀ ਕਰਦੇ ਹੋ"।[3] ਆਯੁਰਵੇਦ ਵਿੱਚ ਰਸ ਦੀ ਇੱਕ ਲੰਬੀ ਪਰੰਪਰਾ ਹੈ, ਪਾਰਾ ਮਹਾਰਸ ਹੈ, ਜਿਸਨੂੰ ਸ਼ਿਵ ਦਾ ਵੀਰਯ ਕਿਹਾ ਜਾਂਦਾ ਹੈ। ਇਸ ਨੂੰ ਅਲੱਗ-ਅਲੱਗ ਧਾਤੂਆਂ, ਖਣਿਜਾਂ ਅਤੇ ਵਨਸਪਤੀਆਂ ਨਾਲ ਮਿਲਾ ਕੇ ਵਿਭਿੰਨ ਯੋਗ ਤਿਆਰ ਕੀਤੇ ਜਾਂਦੇ ਹਨ। ਇਹਨਾ ਵਿੱਚ ਪ੍ਰਮੁੱਖ ਤੱਤ ਗੰਧਕ ਹੈ ਜਿਸ ਨੂੰ ਪਾਰਵਤੀ ਦੀ ਰੱਜ ਮੰਨਿਆ ਗਿਆ ਹੈ। ਪਾਰੇ ਅਤੇ ਗੰਧਕ ਦੇ ਮੇਲ ਨਾਲ ਇੱਕ ਰਸਾਇਨ ਤਿਆਰ ਕੀਤਾ ਜਾਂਦਾ ਹੈ ਜਿਸ ਨੂੰ ਕੱਜਲੀ ਕਿਹਾ ਜਾਂਦਾ ਹੈ, ਇਸ ਵਿਚ ਬਾਕੀ ਔਸ਼ਧੀਆਂ ਦੇ ਗੁਣਾ ਵਿੱਚ ਵਾਧਾ ਕਰਨ ਦੀ ਸ਼ਕਤੀ ਮੰਨੀ ਜਾਂਦੀ ਹੈ। ਰਸ ਰਸਾਇਨ ਨਾਲ ਸੰਬੰਧਿਤ ਆਯੁਰਵੇਦ ਵਿੱਚ ਰਸਾਇਨ ਸ਼ਾਸਤਰ ਦੀ ਪਰੰਪਰਾ ਵਿੱਦਮਾਨ ਹੈ, ਜਿਸ ਦਾ ਮੂਲ ਸ਼ੈਵ ਅਤੇ ਸ਼ਕਤੀ ਮੱਤ ਨਾਲ ਸੰਬੰਧਿਤ ਹੈ। ਜਿਸ ਤਰ੍ਹਾਂ ਵੱਖ-ਵੱਖ ਔਸ਼ਧੀਆਂ ਦੇ ਮੇਲ ਨਾਲ ਰੋਗ ਨਿਵਾਰਕ ਰਸ ਉਤਪੰਨ ਹੁੰਦਾ ਹੈ ਉਸੇ ਤਰ੍ਹਾਂ ਨਾਟਯ ਵਿੱਚ ਅਲੱਗ-ਅਲੱਗ ਤੱਤਾਂ ਦੇ ਸੁਯੋਗ ਮੇਲ ਨਾਲ ਹਿਰਦੇ ਲਈ ਸੁਖਦਾਇਕ ਨਾਟਯ ਰਸ ਉਤਪੰਨ ਹੁੰਦਾ ਹੈ। ਇਸੇ ਦੇ ਆਧਾਰ ਉੱਪਰ ਭਰਤ ਮੁਨੀ ਨਾਟਯ ਦੇ ਗਿਆਰਾਂ ਤੱਤਾਂ ਦਾ ਵਰਨਣ ਕਰਦਾ ਹੈ ਜਿਹਨਾ ਦੇ ਸੁਯੋਗ ਮੇਲ ਨਾਲ ਨਾਟਯ ਸਿਰਜਣਾ ਹੁੰਦੀ ਹੈ। ਇਹ ਤੱਤ ਹਨ: ਰਸ, ਭਾਵ, ਅਭਿਨਯ, ਧਰਮੀ, ਵ੍ਰਿਤੀ, ਪਰਵ੍ਰਿਤੀ, ਸਿੱਧੀ, ਸ੍ਵਰ, ਆਤੋਧ, ਗਾਨ ਅਤੇ ਰੰਗਸੰਗ੍ਰਹਿ। ਇਸ ਵਿੱਚ ਰਸ ਅਤਿ ਮਹੱਤਵਪੂਰਣ ਹੈ ਅਤੇ ਬਾਕੀ ਤੱਤ ਇਸਦੇ ਸਹਾਇਕ ਜੋ ਨਾਟਯ ਨੂੰ ਚਰਮ ਉਤਕਰਸ਼'ਤੇ ਪਹੁੰਚਾਕੇ ਦਰਸ਼ਕਾਂ, ਪਾਤਰਾਂ ਅਤੇ ਹੋਰ ਰੰਗ ਕਰਮੀਆਂ ਸਮੇਤ ਪੂਰਾ ਵਾਤਾਵਰਣ ਰਸਮਈ ਬਨਾਉਣ ਲਈ ਪ੍ਰਯਤਨਸ਼ੀਲ ਰਹਿੰਦੇ ਹਨ। ਭਰਤ ਮੁਨੀ ਨੇ ਪ੍ਰਮੁੱਖ ਰਸਾਂ ਦੀ ਗਿਣਤੀ ਅੱਠ ਮੰਨੀ ਹੈ ਇਹ ਹਨ: ਸ਼੍ਰਿੰਗਾਰ, ਹਾਸ, ਕਰੁਣ, ਰੋਦ੍ਰ, ਵੀਰ, ਭਿਆਨਕ, ਬੀਭਤਸ ਅਤੇ ਅਦਭੁਤ।

ਭਾਵ ਰਸ ਦਾ ਅਨੁਵਰਤੀ ਹੈ, ਇਹ ਉਸਦੀ ਪੁਸ਼ਟੀ ਅਤੇ ਵਿਕਾਸ ਕਰਦਾ ਹੈ। ਭਰਤ ਮੁਨੀ ਰਸ ਅਤੇ ਭਾਵ ਨੂੰ ਸਾਧਯ ਮੰਨਦਾ ਹੈ ਅਤੇ ਬਾਕੀ ਨੌਂ ਤੱਤਾਂ ਨੂੰ ਇਹਨਾ ਦੇ ਸਾਧਨ। ਭਾਵ ਕੁਲ 49 ਹਨ, ਅੱਠ ਸਥਾਈ, ਤੇਤੀ ਸੰਚਾਰੀ, ਅੱਠ ਸਾਤਵਿਕ। "ਇਹਨਾ ਦੇ ਸਮਾਨਯ ਗੁਣਾ ਦੇ ਸੰਯੋਗ ਨਾਲ ਰਸ ਆਦਿ ਨਿਸ਼ਪੰਨ ਹੁੰਦੇ ਹਨ"।[4] ਰਤੀ, ਹਾਸ, ਸ਼ੋਕ, ਕ੍ਰੋਧ, ਉਤਸ਼ਾਹ, ਭੈਅ, ਜਗੁਪਸਾ ਅਤੇ ਵਿਸਮਯ ਸਥਾਈ ਭਾਵ ਹਨ। ਵਿਭਾਵ, ਅਨੁਭਾਵ ਦੇ ਅਭਿਨਯ ਜ਼ਰੀਏ ਇਹਨਾ ਨੂੰ ਦਰਸ਼ਕਾਂ ਦੇ ਮਨ ਵਿੱਚ ਉਪਜਾਇਆ ਜਾਂਦਾ ਹੈ, ਜੋ ਰਸ ਨਿਸ਼ਪਤੀ ਤੱਕ ਪਹੁੰਚਦੇ ਹਨ। ਅਭਿਨਯ ਦੇ ਅੰਤਰਗਤ ਅਭਿਨੇਤਾ ਭਾਵਾਂ ਨੂੰ ਭਾਸ਼ਾ, ਪ੍ਰਤੀਕਾਂ ਅਤੇ ਸੰਕੇਤਾਂ ਦੁਆਰਾ ਪ੍ਰਕ੍ਰਿਤੀ, ਇਤਿਹਾਸ ਅਤੇ ਸਮਾਜ ਤੋਂ ਪ੍ਰਾਪਤ ਨਾਟਕ ਦੀ ਸਾਮੱਗਰੀ ਪ੍ਰਸਤੁਤ ਕਰਦਾ ਹੈ। ਭਰਤ ਮੁਨੀ ਨੇ ਅਭਿਨਯ ਨੂੰ ਰਸ ਦਾ ਅਤੇ ਭਾਵ ਦਾ ਪ੍ਰਮੁੱਖ ਸਾਧਨ ਕਿਹਾ ਹੈ, ਇਹ ਤਿੰਨ ਪ੍ਰਕਾਰ ਦਾ ਹੈ: ਆਂਗਿਕ, ਵਾਚਿਕ ਅਤੇ ਅਹਾਰਿਆ। ਆਂਗਿਕ ਅਭਿਨਯ ਵਿੱਚ ਮੁਦਰਾਵਾਂ ਅਤੇ ਵੱਖ-ਵੱਖ ਅੰਗਾਂ ਦੀਆਂ ਗਤੀਆਂ ਦੇ ਪ੍ਰਯੋਗ ਦੁਆਰਾ ਇੱਕ ਦੇਹ ਭਾਸ਼ਾ ਦਾ ਪ੍ਰਤਿਪਾਦਨ ਕੀਤਾ ਗਿਆ ਹੈ। ਵਾਚਿਕ ਅਭਿਨਯ ਵਿੱਚ ਭਾਸ਼ਣ ਕਲਾ, ਭਾਸ਼ਾ ਸ਼ਾਸਤਰ, ਅਤੇ ਅਲੰਕਾਰ ਸ਼ਾਸਤਰ ਨੂੰ ਆਧਾਰ ਬਣਾਕੇ ਸੰਵਾਦਾਂ (dialogues) ਦੀ ਵਰਤੋਂ ਨੂੰ ਸ਼ਮਿਲ ਕੀਤਾ ਗਿਆ ਹੈ। ਅਹਾਰਿਆ ਅਭਿਨਯ ਵਿੱਚ ਵੇਸ਼ਭੂਸ਼ਾ ਅਤੇ ਰੂਪਸੱਜਾ ਵੱਲ ਧਿਆਨ ਦਿੱਤਾ ਗਿਆ ਹੈ। ਧਰਮੀ ਰੰਗਮੰਚ ਉੱਪਰ ਜੀਵਨ ਦੇ ਪੁਨਰ ਪ੍ਰਸਤੁਤੀਕਰਣ ਨਾਲ ਸੰਬੰਧਿਤ ਹੈ, ਇਸ ਦੇ ਲੋਕਧਰਮੀ ਅਤੇ ਨਾਟਯਧਰਮੀ ਦੋ ਭੇਦ ਹਨ। ਡਾ. ਮੇਘ ਅਨੁਸਾਰ "ਲੋਕਧਰਮੀ ਦੀ ਮੰਗ ਇਹ ਹੁੰਦੀ ਹੈ ਕਿ ਰੰਗਮੰਚ ਵਿੱਚ ਪ੍ਰਤਿਪ੍ਰਸਤੁਤ ਜੀਵਨ, ਜੀਵਨ ਵਿੱਚ ਸਾਖਿਆਤ ਘਟਿਤ ਜੀਵਨ ਦੇ ਨਾਲ ਦ੍ਰਿਸ਼ਟਾਂਤ ਰੱਖੇ; ਅਰਥਾਤ ਉਹ ਮਿੱਥਿਆ ਨਾ ਹੋਕੇ ਇੱਕ ਨਾਟਕੀ

www.ignited.in

ਸੱਤ ਹੋਏ, ਅਤੇ ਅਸੰਭਵ ਨਾ ਹੋਕੇ ਸੰਭਾਵਿਤ ਯਥਾਰਥਤਾ ਹੋਏ"।[5] ਨਾਟਯ ਧਰਮੀ ਰੰਗਮੰਚ ਤੇ ਜੀਵਨ ਦਾ ਆਦਰਸ਼ ਪੇਸ਼ ਕਰਦਾ ਹੈ। ਪ੍ਰਵ੍ਰਿਤੀ ਦੇ ਅੰਤਰਗਤ ਰੰਗਮੰਚ ਉੱਪਰ ਦੇਸ਼, ਕਾਲ, ਆਂਚਲਿਕ ਪ੍ਰਕ੍ਰਿਤੀ ਤੇ ਸੰਸਕ੍ਰਿਤੀ ਦਾ ਨਿਰੂਪਣ ਕੀਤਾ ਜਾਂਦਾ ਹੈ। ਵ੍ਰਿਤੀ ਅਭਿਨੇਤਾ ਦੇ ਚਿੱਤ ਨਾਲ ਸੰਬੰਧਿਤ ਹੈ, ਇਸ ਵਿੱਚ ਤਬਦੀਲੀ ਆਉਣ ਤੇ ਉਸ ਦੀਆਂ ਸ਼ਰੀਰ, ਮਨ ਅਤੇ ਵਚਨ ਦੀ ਚੇਸ਼ਟਾਵਾਂ ਬਦਲਦੀਆਂ ਅਤੇ ਵਿਸ਼ਿਸ਼ਟਤਾ ਗ੍ਰਹਿਣ ਕਰਦੀਆਂ ਹਨ। "ਭੋਜਰਾਜ ਦੇ ਅਨੁਸਾਰ ਚਿੱਤ ਦੀਆਂ ਵਿਭਿੰਨ ਦਸ਼ਾਵਾਂ ਦੇ ਵਿਵਹਾਰ ਅਤੇ ਵਿਆਪਾਰ ਦਾ ਨਾਮ ਵ੍ਰਿਤੀ ਹੈ"[6] ਇਹ ਨਾਯਕ ਦੇ ਸਵਭਾਵ ਦੇ ਆਧਾਰਿਤ ਹੈ ਅਤੇ ਜਦੋਂ ਅਵਸਥਾ ਅਤੇ ਰਸ ਦਸ਼ਾ ਵਿੱਚ ਪਰਿਵਰਤਨ ਹੁੰਦਾ ਹੈ ਤਾਂ ਇਹ ਤਬਦੀਲ਼ ਹੁੰਦੀ ਰਹਿੰਦੀ ਹੈ। "ਜੇਕਰ ਪ੍ਰਵ੍ਰਿਤੀ ਰੰਗਮੰਚ ਦਾ ਇਤਿਹਾਸਕ ਅਤੇ ਭੂਗੋਲਿਕ ਚਰਿੱਤਰ ਹੈ ਤਾਂ ਵ੍ਰਿਤੀ ਪਾਤਰ ਦਾ ਵਿਅਕਤਿਕ ਅਤੇ ਵਿਲੱਖਣ ਚਰਿੱਤਰ"।[7] ਸ਼ਬਦਾਂ ਦੁਆਰਾ 'ਭਾਰਤੀ' ਅਤੇ ਵਿਵਹਾਰ ਦੁਆਰਾ 'ਸਾਤਵਤੀ' ਵ੍ਰਿਤੀ ਪ੍ਰਕਟ ਹੁੰਦੀ ਹੈ ਅਤੇ ਇਸਦੇ ਕੋਮਲ ਅਤੇ ਉਗਰ ਅਵਸਥਾਵਾਂ ਦੇ ਅਨੁਰੂਪ ਕੌਸ਼ਿਕੀ ਤੇ ਆਰਭੱਟੀ ਨਾਮਕ ਦੋ ਉਪਭੇਦ ਹਨ। ਸਿੱਧੀ ਅਭਿਨਯ ਕਲਾ ਦੀ ਸਫਲਤਾ ਨਾਲ ਸੰਬੰਧਿਤ ਹੈ। ਇਸ ਦੀ ਚਰਚਾ ਦੇ ਅੰਤਰਗਤ ਪਾਤਰਾਂ ਅਤੇ ਦਰਸ਼ਕਾਂ ਦੇ ਗੁਣਾ ਵੱਲ ਧਿਆਨ ਦਿੱਤਾ ਗਿਆ ਹੈ। ਸ੍ਵਰ, ਆਤੋਧ ਅਤੇ ਗਾਨ ਸੰਗੀਤ ਸ਼ਾਸਤਰ ਨਾਲ ਸੰਬੰਧਿਤ ਹੈ, ਇਹਨਾ ਦੇ ਅੰਤਰਗਤ ਨਾਟਯ ਦੇ ਮਹੱਤਵਪੂਰਨ ਅੰਗ ਵਜੋਂ ਸੰਗੀਤ ਬਾਰੇ ਚਰਚਾ ਕੀਤੀ ਗਈ। ਰੰਗਸੰਗ੍ਰਹਿ ਦੇ ਅੰਤਰਗਤ ਨੇਪੱਥਯ, ਰੰਗਸ਼ੀਰਸ਼, ਰੰਗਸ਼ਾਲਾ, ਰੰਗਪੀਠ, ਮੱਤਵਾਰਿਣੀ, ਪ੍ਰੇਕਸ਼ਾਭਵਨ, ਯਵਨਿਕਾ ਦੇ ਸਾਧਨਾਂ ਅਤੇ ਉਪਕਰਣਾ ਦੀ ਸੁਵਿਵਸਥਾ ਦਾ ਨਿਰੂਪਣ ਕੀਤਾ ਗਿਆ ਹੈ, ਤਾਂ ਕਿ ਨਾਟਯ ਦੀ ਹਰ ਕਿਰਿਆ ਨੂੰ ਸੁਯੋਗਤਾ ਨਾਲ ਨਿਭਾਇਆ ਜਾ ਸਕੇ। ਅੰਤ ਵਿੱਚ ਅਸੀਂ ਦੇਖਦੇ ਹਾਂ ਕਿ ਭਰਤ ਭਾਰਤੀ ਕਾਵਿ ਸ਼ਾਸਤਰੀ ਪਰੰਪਰਾ ਦੇ ਮਹੱਤਵਪੂਰਣ ਸਿੱਧਾਂਤ ਰਸ ਨੂੰ ਸੰਕਪਲਪਿਤ ਕਰਨ ਵਾਲੇ ਪਹਿਲੇ ਮਹਾਨ ਕਾਵਿ ਸ਼ਾਸਤਰੀ ਹਨ।

## ਹਵਾਲੇ:


1. ਸ਼ਾਸਤਰੀ, ਬਾਬੂਲਾਲ ਸ਼ੁਕਲ, ਹਿੰਦੀ ਨਾਟਯ ਸ਼ਾਸਤਰ, ਭਾਗ 1, ਚੌਖੰਬਾ ਸੰਸਕ੍ਰਿਤ ਸੰਸਥਾਨ, ਵਾਰਾਨਸੀ, ਪੰਨਾ 5-6.
2. ਡਾ. ਕ੍ਰਿਸ਼ਨ ਲਾਲ, ਵੈਦਿਕ-ਚਿੰਤਨ, ਪਰਿਮਲ ਪਬਲੀਕੇਸ਼ਨ, ਦਿੱਲੀ, ਪੰਨਾ 219.
3. ਉਹੀ, 219.
4. ਸ਼ਾਸਤਰੀ, ਬਾਬੂਲਾਲ ਸ਼ੁਕਲ, ਹਿੰਦੀ ਨਾਟਯ ਸ਼ਾਸਤਰ, ਭਾਗ 1, ਚੌਖੰਬਾ ਸੰਸਕ੍ਰਿਤ ਸੰਸਥਾਨ, ਵਾਰਾਨਸੀ, ਪੰਨਾ 376.
5. ਮੇਘ, ਰਮੇਸ਼ ਕੁੰਤਲ, ਮੱਧਯੁਗੀਨ ਰਸ ਦਰਸ਼ਨ ਔਰ ਸਮਕਾਲੀਨ ਸੌਂਦਰਯਬੋਧ, ਰਾਧਾਕਿਸ਼ਨ ਪ੍ਰਕਾਸ਼ਨ, ਨਵੀਂ ਦਿੱਲੀ, ਪੰਨਾ 49.
6. ਉਹੀ, ਪੰਨਾ 50.
7. ਉਹੀ, ਪੰਨਾ 51.



**Corresponding Author**

**Maninder Singh***

Research Scholar, I.K.G. Punjab Technical University, Kapurthla